ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:,ਫੇਜ਼-8 **ਐਸ.ਏ.ਐਸ ਨਗਰ**
ਫੋਨ ਨੰਬਰ: 0172-2212221, ਫੈਕਸ ਨੰ: 0172-2212793

**ਵੱਲ**

**ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.)**
**ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ**
**ਪੰਜਾਬ।**

**ਮੀਮੋ ਨੰ:-** SCERT/PPPP/PRI/2020295865 **ਮਿਤੀ:-** 20.11.2020

**ਵਿਸ਼ਾ:- 'ਅੱਖਰਕਾਰੀ' ਮੁਹਿੰਮ ਤਹਿਤ ਅਧਿਆਪਕਾਂ ਦੀ ਸੱਤ ਰੋਜ਼ਾ ਸੁੰਦਰ ਲਿਖਾਈ ਵਰਕਸ਼ਾਪ ਸਬੰਧੀ।**

**1.0** ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

**2.0** ਆਪ ਜੀ ਨੂੰ ਜਾਣਕਾਰੀ ਹਿੱਤ ਦੱਸਿਆ ਜਾਂਦਾ ਹੈ ਕਿ ਬਹੁਤ ਸਾਰੇ ਅਧਿਆਪਕਾਂ ਦੇ ਦਫ਼ਤਰ ਨੂੰ ਸੁਝਾਅ ਪ੍ਰਾਪਤ ਹੋਏ ਹਨ ਕਿ ਵਿਭਾਗ ਦੁਆਰਾ ਸਾਰੇ ਪ੍ਰਾਇਮਰੀ ਅਧਿਆਪਕਾਂ ਦੀ ਸੁੰਦਰ ਲਿਖਾਈ ਲਈ ਵਰਕਸ਼ਾਪ ਲਗਾਕੇ ਉਹਨਾਂ ਨੂੰ ਸੁੰਦਰ ਲਿਖਾਈ ਦੇ ਨਿਯਮਾਂ, ਤਕਨੀਕ, ਬਣਤਰ ਨੂੰ ਸਮਝਾਉਣ ਦੀ ਬਹੁਤ ਲੋੜ ਹੈ। ਇਸ ਨਾਲ ਲਾਜ਼ਮੀ ਤੌਰ 'ਤੇ ਬੱਚਿਆਂ ਦੀ ਲਿਖਾਈ ਵਿੱਚ ਵੀ ਸੁਧਾਰ ਹੋਣਗੇ। ਸੋ ਇਸ ਸਬੰਧ ਵਿੱਚ ਮਿਤੀ 27.11.2020 ਤੋਂ 05.12.2020 ਤੱਕ ਹੇਠ ਲਿਖੇ ਸ਼ਡਿਊਲ ਅਨੁਸਾਰ 'ਅੱਖਰਕਾਰੀ' ਮੁਹਿੰਮ ਤਹਿਤ ਅਧਿਆਪਕਾਂ ਦੀ ਸੁੰਦਰ ਲਿਖਾਈ ਲਈ ਬਲਾਕ ਪੱਧਰ 'ਤੇ ਵੈਬੀਨਾਰ ਰਾਹੀਂ ਵਰਕਸ਼ਾਪ ਲਗਾਈ ਜਾ ਰਹੀ ਹੈ:-

| ਲੜੀ ਨੰ. | ਮਿਤੀ | ਰੋਜ਼ਾਨਾ ਸਮਾਂ | ਦਿਨ | ਅੱਖਰ ਜੁੱਟ ਦੀ ਜਾਣਕਾਰੀ |
|---|---|---|---|---|
| 1 | 27.11.2020 | 40 ਮਿੰਟ | ਪਹਿਲਾਂ ਦਿਨ | ਸੈਟ-1 (ਅੱਖਰ ਪ,ਖ,ਧ,ਥ,ਘ ਅਤੇ ਯ) ਦੀ ਤਿਆਰੀ |
| 2 | 28.11.2020 | 40 ਮਿੰਟ | ਦੂਜਾ ਦਿਨ | ਸੈਂਟ-2,3 (ਅੱਖਰ ਦ,ਚ,ਢ, ਜ, ਨ, ਲ ਅਤੇ ਠ) ਦੀ ਤਿਆਰੀ |
| 3 | 01.12.2020 | 40 ਮਿੰਟ | ਤੀਜਾ ਦਿਨ | ਸੈਂਟ-4 (ਅੱਖਰ ਤ, ਤ਼, ਡ, ਭ ਅਤੇ ਕ) ਦੀ ਤਿਆਰੀ |
| 4 | 02.12.2020 | 40 ਮਿੰਟ | ਚੌਥਾ ਦਿਨ | ਸੈਂਟ-5,6 (ਅੱਖਰ ੲ,ਟ,ਫ,ਵ,ਞ ਅਤੇ ਛ) ਦੀ ਤਿਆਰੀ |
| 5 | 03.12.2020 | 40 ਮਿੰਟ | ਪੰਜਵਾਂ ਦਿਨ | ਸੈਂਟ 7,8 (ਅੱਖਰ ਮ,ਸ,ਅ,ਰ,ਹ ਅਤੇ ਗ) ਦੀ ਤਿਆਰੀ |
| 6 | 04.12.2020 | 40 ਮਿੰਟ | ਛੇਵਾਂ ਦਿਨ | ਸੈਂਟ 9 (ਅੱਖਰ ਙ,ਬ, ਝ, ਣ, ੳ ਅਤੇ ੳ) ਦੀ ਤਿਆਰੀ |
| 7 | 05.12.2020 | 40 ਮਿੰਟ | ਸੱਤਵਾਂ ਦਿਨ | ਸੈਂਟ **10** (ਲਗਾਂ ਮਾਤਰਾਵਾਂ) ਦੀ ਤਿਆਰੀ |

**3.0** ਸੁੰਦਰ ਲਿਖਾਈ ਅਧਿਆਪਕ ਵਰਕਸ਼ਾਪ ਦਾ ਸਮਾਂ ਰੋਜ਼ਾਨਾ 40 ਮਿੰਟ ਲਈ ਸਵੇਰੇ 11.00 ਵਜੇ ਤੋਂ ਲੈ ਕੇ 11.40 ਵਜੇ ਤੱਕ ਹੋਵੇਗਾ। ਜੇਕਰ ਅਧਿਆਪਕਾਂ ਦੀ ਗਿਣਤੀ ਪੰਜ ਗਰੁੱਪਾਂ ਤੋਂ ਵੱਧਦੀ ਹੈ ਤਾਂ ਬਾਅਦ ਦੁਪਹਿਰ 1.00 ਤੋਂ 1.40 ਵਜੇ ਤੱਕ ਇਨ੍ਹਾਂ ਦੀ ਸੁੰਦਰ ਲਿਖਾਈ ਲਈ ਵਰਕਸ਼ਾਪ ਹੋਵੇਗੀ।

4.0 ਇਹ ਸੱਤ-ਰੋਜ਼ਾ ਸੁੰਦਰ ਲਿਖਾਈ ਵਰਕਸ਼ਾਪ ਵਿੱਚ ਹਰੇਕ ਅਧਿਆਪਕ ਦਾ ਭਾਗ ਲੈਣਾ ਜ਼ਰੂਰੀ ਹੈ।

5.0 ਬਲਾਕ ਪੱਧਰ 'ਤੇ ਸੁੰਦਰ ਲਿਖਾਈ ਦੀ ਵਰਕਸ਼ਾਪ ਦੇ ਇੱਕ ਗਰੁੱਪ ਵਿੱਚ 50 ਤੱਕ ਅਧਿਆਪਕ ਹੀ ਸ਼ਾਮਿਲ ਹੋਣਗੇ।

6.0 ਸਮੂਹ ਅਧਿਆਪਕ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਦੀ ਦੇਖ-ਰੇਖ ਹੇਠ ਸੁੰਦਰ ਲਿਖਾਈ ਵਰਕਸ਼ਾਪ ਲਗਾਉਣਗੇ। ਬਲਾਕ ਰਿਸੋਰਸ ਪਰਸਨ ਅਧਿਆਪਕਾਂ ਨੂੰ ਸੁੰਦਰ ਲਿਖਾਈ ਦੇ ਨਿਯਮਾਂ ਬਾਰੇ ਜਾਣਕਾਰੀ ਦਿੰਦੇ ਹੋਏ ਵੱਖ- ਵੱਖ ਨਮੂਨਿਆਂ ਦਾ ਅਭਿਆਸ ਕਰਵਾਉਣਗੇ।

7.0 ਜ਼ਿਲ੍ਹਾ ਪੱਧਰੀ ਰਿਸੋਰਸ ਗਰੁੱਪ ਸੁੰਦਰ ਲਿਖਾਈ ਅਧਿਆਪਕਾਂ ਦੀ ਮਿਤੀ 24.11.2020 ਤੋਂ 26.11.2020 ਤੱਕ ਸਿਖਲਾਈ ਕਰਵਾਈ ਜਾਵੇਗੀ।

8.0 ਸੁੰਦਰ ਲਿਖਾਈ ਕੈਂਪ ਲਗਾਉਣ ਵਾਲੇ ਹਰ ਅਧਿਆਪਕ ਕੋਲ ਵਿਭਾਗ ਵੱਲੋਂ ਭੇਜੀਆਂ ਗਈਆਂ ਸੁੰਦਰ ਲਿਖਾਈ ਅਭਿਆਸ ਪੁਸਤਕਾਂ ਹੋਣੀਆਂ ਜ਼ਰੂਰੀ ਹਨ।

9.0 ਅਭਿਆਸ ਪੁਸਤਕ 'ਤੇ ਐੱਚ.ਬੀ. ਪੈੱਨਸਲ ਜਾਂ ਬਲੈੱਕ/ਨੀਲਾ ਜੈੱਲ ਪੈੱਨ ਦੀ ਵਰਤੋਂ ਕਰਨੀ ਹੋਵੇਗੀ।

10.0 ਬਲਾਕ ਪੱਧਰ 'ਤੇ ਸੁੰਦਰ ਲਿਖਾਈ ਵਟਸਐੱਪ ਗਰੁੱਪ ਵਿੱਚ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਬਲਾਕ ਮਾਸਟਰ ਟ੍ਰੇਨਰ, ਕਲੱਸਟਰ ਮਾਸਟਰ ਟ੍ਰੇਨਰ, ਸੈਂਟਰ ਹੈੱਡ ਟੀਚਰ ਅਤੇ ਸੁੰਦਰ ਲਿਖਾਈ ਵਾਲੇ ਅਧਿਆਪਕ ਸ਼ਾਮਿਲ ਹੋਣਗੇ।

11.0 ਸੁੰਦਰ ਲਿਖਾਈ ਦੀ ਵਰਕਸ਼ਾਪ ਲਗਾਉਣ ਵਾਲੇ ਅਧਿਆਪਕਾਂ ਵੱਲੋਂ ਰਿਸਰੋਸ ਪਰਸਨ ਦੁਆਰਾ ਭੇਜੀ ਗਈ ਅਭਿਆਸ ਸਮੱਗਰੀ 'ਤੇ ਦੱਸੇ ਗਏ ਕੰਮ ਅਨੁਸਾਰ ਕੰਮ ਕਰਨਾ ਜ਼ਰੂਰੀ ਹੋਵੇਗਾ ਅਤੇ ਇਹ ਕੰਮ ਕਰਕੇ ਰਿਸੋਰਸ ਪਰਸਨ ਨੂੰ ਦਿਖਾਉਣਾ ਵੀ ਜ਼ਰੂਰੀ ਹੋਵੇਗਾ।

12.0 ਰਿਸੋਰਸ ਪਰਸਨ ਦੁਆਰਾ ਅਧਿਆਪਕਾਂ ਦੁਆਰਾ ਕੀਤੇ ਗਏ ਕੰਮ ਨੂੰ ਵਟਸਐੱਪ ਗਰੁੱਪ ਤੇ ਮੰਗਵਾਕੇ ਉਸਨੂੰ ਵੇਖਣ ਉਪਰੰਤ ਸੁਝਾਅ/ਟਿੱਪਣੀ ਰੂਪ ਵਿੱਚ ਅਧਿਆਪਕ ਨੂੰ ਰੋਜ਼ਾਨਾ ਫੀਡਬੈੱਕ ਦੇਣੀ ਲਾਜ਼ਮੀ ਹੋਵੇਗੀ।

13.0 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਟੀਮ ਮੈਂਬਰ ਵੀ ਬਾਕੀ ਅਧਿਆਪਕਾਂ ਦੀ ਤਰ੍ਹਾਂ ਸੁੰਦਰ ਲਿਖਾਈ ਰਿਸਰੋਸ ਪਰਸਨ ਕੋਲ ਸੁੰਦਰ ਲਿਖਾਈ ਦੀ ਵਰਕਸ਼ਾਪ ਲਗਾਉਣਗੇ।

14.0 ਸੁੰਦਰ ਲਿਖਾਈ ਦੇ ਹਰ ਰਿਸੋਰਸ ਪਰਸਨ ਵੱਲੋਂ ਹਰ ਅਧਿਆਪਕ ਦੇ ਪਹਿਲੇ ਦਿਨ ਦੀ ਲਿਖਾਈ ਦਾ ਨਮੂਨਾ ਅਤੇ ਕੈਂਪ ਤੋਂ ਬਾਅਦ ਦਾ ਨਮੂਨਾ ਲੈ ਕੇ ਇਕੱਠੇ ਤੌਰ ਤੇ ਸਬੰਧਿਤ ਕਲੱਸਟਰ ਹੈੱਡ ਟੀਚਰ ਨੂੰ ਰਿਕਾਰਡ ਲਈ ਦੇਣਾ ਹੋਵੇਗਾ ਅਤੇ ਕਲੱਸਟਰ ਹੈੱਡ ਟੀਚਰ ਇਸ ਦਾ ਰਿਕਾਰਡ ਆਪਣੇ ਕੋਲ ਰੱਖਣਗੇ।

15.0 ਅਧਿਆਪਕਾਂ ਦੁਆਰਾ ਵੈਬੀਨਾਰ ਦੇ ਦਿੱਤੇ ਗਏ ਕੰਮ ਤੋਂ ਸਮੇਂ ਅਨੁਸਾਰ ਜੁਆਇੰਨ ਕਰਨਾ ਲਾਜ਼ਮੀ ਹੋਵੇਗਾ ਅਤੇ ਸਿਖਲਾਈ ਦਾ ਪੂਰਾ ਸਮਾਂ ਰਿਸੋਰਸ ਪਰਸਨ ਦੁਆਰਾ ਦੱਸੀਆਂ ਜਾ ਰਹੀਆਂ ਗੱਲਾਂ ਨੂੰ ਧਿਆਨ ਨਾਲ ਸੁਣਦਿਆਂ ਅਮਲ ਵੀ ਕਰਨਾ ਹੋਵੇਗਾ।

16.0 ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਦੁਆਰਾ ਇਸ ਵਰਕਸ਼ਾਪ ਵਿੱਚ ਭਾਗ ਲੈਣ ਵਾਲੇ ਅਧਿਆਪਕਾਂ ਨੂੰ ਭਾਗੀਦਾਰੀ ਕਰਨ ਲਈ ਸਰਟੀਫਿਕੇਟ ਜਾਰੀ ਕੀਤੇ ਜਾਣ।

17.0 ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ), ਡਾਇਟ ਪ੍ਰਿੰਸੀਪਲ ਮਿਲ ਕੇ ਬਲਾਕ ਪੱਧਰ ਸੁੰਦਰ ਲਿਖਾਈ ਲਈ ਲਗਾਏ ਜਾਣ ਵਾਲੇ ਕੈਂਪਾਂ ਦੇ ਅਗਵਾਈ ਦੇ ਨਾਲ ਹਰ ਰੋਜ਼ ਅਧਿਆਪਕ ਨੂੰ ਉਤਸ਼ਾਹਿਤ ਕਰਦੇ ਰਹਿਣਗੇ ਅਤੇ ਸਭ ਤੋਂ ਚੰਗੀ ਕਾਰਗੁਜ਼ਾਰੀ ਵਾਲੇ ਅਧਿਆਪਕਾਂ ਨੂੰ ਪ੍ਰਸ਼ੰਸਾ ਪੱਤਰ ਦੇਣਗੇ।

18.0 22 ਦਸੰਬਰ ਨੂੰ ਰਾਜ ਦੇ ਸਾਰੇ ਸਕੂਲਾਂ ਅੰਦਰ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਦੀ ਦੇਖ-ਰੇਖ ਹੇਠ ਸੁੰਦਰ ਲਿਖਾਈ ਮੁਕਾਬਲੇ ਕਰਵਾਏ ਜਾਣਗੇ।

19.0 ਕੈਂਪਾਂ ਵਿੱਚ ਅਧਿਆਪਕਾਂ ਦੀ ਰੋਜ਼ਾਨਾ ਹਾਜ਼ਰੀ ਵਰਕਸ਼ਾਪ ਦੌਰਾਨ ਦੱਸੇ ਗਏ ਪਾਸਵਰਡ ਨਾਲ ਗੂਗਲ ਫਾਰਮ 'ਤੇ ਲਗਾਈ ਜਾਵੇਗੀ।

20.0 ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸਾਹਿਬਾਨ ਸੁੰਦਰ ਲਿਖਾਈ ਦੇ ਚੱਲ ਰਹੇ ਵੈਬੀਨਾਰ ਦੇ ਕੈਂਪਾਂ ਦੀ ਹਾਜ਼ਰੀ ਨੂੰ ਯਕੀਨੀ ਬਣਾਉਣ ਲਈ ਪਹਿਲੇ 5 ਮਿੰਟਾਂ ਵਿੱਚ ਹੀ ਸਾਰੇ ਅਧਿਆਪਕਾਂ ਦੀ ਹਾਜ਼ਰੀ ਲਿਆ ਕਰਨਗੇ।

20/11/20

**ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।**

**ਪਿੱਠ ਅੰਕਣ ਨੰ:**

**ਮਿਤੀ:**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:**

1. ਪੀ.ਏ. ਟੂ ਮਾਨਯੋਗ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਪੀ.ਏ. ਟੂ ਮਾਨਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3. ਡੀ.ਪੀ.ਆਈ. (ਐ.ਸਿੱ), ਪੰਜਾਬ।

**ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ।**